ੴ ਸਤਿਗੁਰ ਪ੍ਰਸਾਦਿ

ਬਾਬਾ ਸੰਗਤ ਸਿੰਘ ਚਕਰਵਰਤੀ ਚਲਦਾ ਵਹੀਰ
ਨਿਹੰਗਸਿੰਘ ਖਾਲਸਾ ਤਰਨਾਦਲ ਪੰਜਾਬ ਹਿੰਦ ਰਜਿ:
ਦੇ ਧਾਰਮਕ ਦੀਵਾਨ ਵਿੱਚ **12-4-84** ਨੂੰ
ਸ੍ਰੀ ਦਮਦਮਾ ਸਾਹਿਬ ਗੁਰੂ ਕੀ ਕਾਂਸੀ ਵਿਚ
ਪੜਿਆ ਗਿਆ।

---

# ਪ੍ਰਧਾਨਗੀ ਭਾਸ਼ਨ

---

ਵਲੋਂ: ਗਿਆਨੀ ਗੁਰਬਖਸ਼ ਸਿੰਘ 'ਰਾਹੀ'
ਰਾਹੀ ਬਸਤੀ, ਬਰਠਾਲਾ (ਜਿਲਾ ਸੰਗਰੂਰ)

Digitized by Panjab Digital Library | www.panjabdigilib.org

ਪਿਆਰੇ ਗਰੀਬ ਸਿੱਖ ਵੀਹੋ ਅਤੇ ਭੈਣੋ ।

ਆਪਨੇ ਜੋ ਮੇਰਾ ਆਦਰ ਕੀਤਾ ਹੈ । ਮੈਂ ਇਸ ਦਾ ਜਿਤਨਾ ਆਪਦਾ ਧੰਨਵਾਦ ਕਰਾਂ ਥੋੜਾ ਹੈ ਮੈ ਨਚੀਜ ਇਸ ਲਾਇਕ ਨਹੀਂ ਸਾਂ ਜੋ ਆਪ ਨੇ ਮੈਨੂੰ ਮਾਣ ਅਤੇ ਨਿੱਘ ਦਿੱਤਾ ਹੈ ।

ਮੈਂ ਅਜ ਤੋਂ ਚਾਲੀ ਸਾਲ ਪਹਿਲਾਂ ਕਹਿੰਦਾ ਰਿਹਾ ਕਿ ਔਣ ਵਾਲੇ ਸਮੇਂ ਵਿਚ ਮਜਬੂਤ ਤੇ ਰਾਖੀ ਲਈ ਜਥੇਬੰਦੀ ਵਿਚ ਰਹਿਣਾ ਜਰੂਰੀ ਹੋਵੇਗਾ । ਹੁਣ ਉਹ ਸਮਾਂ ਆਗਿਆ ਹੈ ਇਸ ਲਈ ਨਿਹੰਗ ਸਿੰਘਾਂ ਦੀ ਬਾਬਾ ਸੰਗਤ ਸਿੰਘ ਦੇ ਨਾਮ ਜਥੇਬੰਦੀ ਕਾਇਮ ਕੀਤੀ ਹੈ ਮੈਂ ਸਮਝਦਾ ਹਾਂ ਕਿ ਸਿਖਾਂ ਵਿਚ ਅੱਜ ਤਕ ਮਾਂ ਨੇ ਐਸਾ ਪੁੱਤ ਨਹੀਂ ਜਮਿਆਂ ਜਿਤਨਾ ਨਿੱਘ ਪਿਆਰ ਸਤਿਕਾਰ ਸਰਵੰਸ. ਦਾਨੀ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪਾਸੋਂ ਬਾਬਾ ਸੰਗਤ ਸਿੰਘ ਜੀ ਨੇ ਪ੍ਰਾਪਤ ਕਰਕੇ ਦਲੇਰੀ ਹਿਮਤ ਨਾਲ ਸ਼ਹੀਦੀ ਦਾ ਜ਼ਾਮ ਕੀਤਾ । ਜਦ ਚਮਕੌਰ ਦੀ ਗੜੀ ਵਿਚੋਂ ਦਸਮੇਸ ਪਿਤਾ ਜੀ ਤੁਰੇ ਹਿਸਟੋਰੀਅਨ ਕਹਿੰਦੇ ਹਨ ਕਿ ਆਪ ਨੇ 5ਪੈਸੇ ਨਾਲੀਏਰ ਆਪਣੇ ਪੁਸ਼ਾਕਾ ਜਿਗਾਹ ਕਲਗੀ ਨੀਲਾ ਘੋੜਾ ਬਖਸ਼ਕੇ ਆਪਣੇ ਜੈਸਾ ਬਾਬਾ ਸੰਗਤ ਸਿੰਘ ਜੀ ਨੂੰ ਬਣਾਕੇ ਅਤੇ ਥਾਪੜਾ ਦੇਕੇ ਪਿਆਰ ਸਤਿਕਾਰ ਨਾਲ ਸਿਰ ਨਿਵਾਕੇ ਦੋ ਹੰਝੂ ਸ਼ਰਧਾ ਦੇ ਭੇਟ ਕਰਕੇ ਹਮੇਸ਼ਾ ਲਈ ਸਦਾ ਲਈ ਵਿਦਾ ਹੋ ਗਏ ਅਤੇ ਬਾਤਾ ਸੰਗਤ ਸਿੰਘ ਜੀ ਨੇ ਜੋ ਸ਼ਹੀਦੀ ਦਾ ਜਾਮ ਪੀਕੇ ਮਰਦਾਨਗੀ ਦਿਖਾਈ ਦਿਖਾਈ ਉਸ ਅੱਗੇ ਸਿੱਖਾਂ ਦਾ ਹਰਦਮ ਸਿਰ ਝੁਕਦਾ ਰਹੇਗਾ ।

ਮੇਰੇ ਗਰੀਬ ਕਿਰਤੀ ਮਜਦੂਰ ਸਿਖੋ ਅਤੇ ਨਿਹੰਗ ਸਿੰਘੋ ਤੁਹਾਡੀ ਇਹ ਜਥੇਵੰਦੀ ਬਾਬਾ ਸੰਗਤ ਸਿੰਘ ਚਕਰਵਰਤੀ ਚਲਦਾ ਵਹੀਰ ਨਿਹੰਗ ਸਿੰਘ ਤਰਨਾ ਦਲ ਪੰਜਾਬ [ਹਿੰਦੁਸਤਾਨ] ਰਜਿਸਟਰਡ ਇਕ ਐਸਾ ਸ਼੍ਰੋਮਣੀ ਉਤਮ ਪਵਿੱਤਰ ਉਚਾ ਸੁਚਾ ਨਾਮ ਧਰਿਆ ਹੈ ਜਿਸ ਉਤੇ ਕੋਈ ਨਹੀਂ ਹੋ ਸਕਦਾ ਪਰ ਚਲਦੇ ਨਿਹੰਗ ਸਿੰਘ ਵਿਚ ਨਾਮ ਸਿਮਰਨ ਨਿਤ ਨੇਮ ਪਿਆਰ ਮਹੁੱਬਤ, ਮਿਠਾਸ, ਇਤਫਾਕ ਦੀ ਲੋੜ ਹੈ । ਮੈਂ ਚਾਹੁੰਦਾ ਹਾਂ ਕਿ ਮਾਲਵੇ ਦੇ ਸਾਰੇ ਰਮਦਾਸੀਏ ਮਜਬੀ ਸਿੱਖ ਨਿਹੰਗ ਸਿੰਘ ਬਣਨ ਲਈ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰ ਲੈਣਾ । ਕੂੜਤਣਾ ਮਨਾਂ ਵਿਚ ਕਢਕੇ ਮਾਲਵੇ



Digitized by Panjab Digital Library | www.panjabdigilib.org

ਨੂੰ ਜਥੇਵੰਦ ਕੀਤਾ ਜਾਵੇ ਗਰੀਬ ਵਰਗ ਦੀ ਰਾਖੀ ਕੀਤੀ ਜਾਵੇ । ਸਿੱਖੀ ਨੂੰ ਗਲਤ ਮੋੜ ਦਿਤਾ ਜਾ ਰਿਹਾ ਹੈ ਉਸ ਸਮਝਿਆ ਜਾਵੇ ਮੇਰਾ ਦਾਵਾ ਹੈ ਅਜ ਅਤੇ ਕਲ ਸਦੀ ਦੋ ਸਦੀਆਂ ਜਦੋਂ ਤਕ ਧਰਮ ਤੇ ਰਾਜ ਨੀਤੀ ਅਡ 2 ਨਹੀਂ ਹੋ ਜਾਂਦੀਆਂ ਕੋਈ ਧਰਮ ਵਧ ਫਲ ਨਹੀਂ ਸਕਦਾ ਮੈਂ ਮਜਬਾ ਧਰਮਾਂ ਦੀ ਹਿਸਟਰੀ ਨੂੰ ਪੜਿਆ ਦੋ ਪੂਰਬੀ ਪੱਛਮੀ ਸਭੇ ਆਤਾਵਾਂ ਚੰਗੀ ਤਰਾਂ ਪੜੀਆਂ ਹਨ ਇਸ ਕਰਕੇ ਦਾਵਹਾ ਕੀਤਾ ਹੈ ਸਿਖ ਧਰਮ ਦੇ ਸੁਗੰਧਤ ਫੁਲ ਨੂੰ ਨੇਕੀ ਇਨਸਾਨੀਆ ਖਿਮਾ ਅਹਿੰਸਾ ਗਰੀਬ ਨਿਵਾਜੀ ਤੋਂ ਸਖਣੇ ਕਰਨਾ ਸਿੱਖੀ ਕਾਲ ਧ੍ਰੋਹ ਹੈ ਇਹ ਗਰੀਬ ਨਿਵਾਜ ਸਿਖੀ ਸਰਦਾਰਾਂ ਲੈਂਡ ਲਾਰਡਾਂ ਵਪਾਰੀਆ ਸਮਗਲਰਾਂ ਕਰਪਟਾਂ ਦੀ ਝੋਲੀ ਵਿਚ ਨਹੀਂ ਪਾਈ ਜਾ ਸਕਦੀ ਸਿੰਘੋ 'ਗਰੀਬਾ ਉਪਰ ਜਿ ਹਿੰਜੇ ਦਾਹੜੀ ਪਾਰਬ੍ਰਹਮ ਸਾ ਅਗਨ ਮਹਿਸਾੜੀ ਦੇ ਫਾਰਮੂਲੇ ਨੂੰ ਸਮਝੋ ਅਤੇ ਜਿਥੇ ਨੀਂਦ ਸਮਾਲੀਐ ਤਿਥੈ ਨਦਰ ਤੇਰੀ ਬਖਸੀਸਾਂ ਦੇ ਨਾਹਰੇ ਨੂੰ ਤਕੋ ਆਓ ਇਸ ਸਿਖਿ ਦੇ ਸੁਗੰਧਤ ਫੁਲ ਨਾਲ ਦਨੀਆਂ ਮਹਿਕਾਈਏ ਵਰਨਾ ਯਾਦ ਰਖੋ । ਗੁਰੂ ਸਾਨੂੰ ਬਖਸੇ ਚਾਹ ਨਹੀਂ ਉਹ ਅਮਲੀ ਜਿਦਗੀ ਮੰਗਦਾ ਕਰਨੀ ਕਮਾਈ ਨਾਲ ਹੀ ਉਸਦੇ ਸਿਖ ਅਖਵਾ ਸਕਦੇ ਹਨ ।

ਸਿਖੀ ਨਾਲ ਕੌਮ ਸਬਦ ਜੋੜਨ ਵਾਲਿਓ ਕੌਮ ਗੁਰੂ ਪੰਥ ਨਾਲੇ ਨਸ਼ਿਧ ਸ਼ਬਦ ਹੈ ਚੰਗਾ ਨਹੀਂ ਗੁਰ ਪੰਥ ਸ਼ਬਦ ਅਗੇ ਸਿਰ ਝੁਕਦਾ ਹੈ ਇਸਦਾ ਪ੍ਰਚਾਰ ਕਰੋ ਗੁਰੂਆਂ ਦਾ ਚੁਣਿਆ ਸ਼ਬਦ ਇਸ ਦਾ ਆਦਰ ਕਰੋ ਸਤਿਕਾਰ ਕਰੋ ।

ਰਮਦਾਸੀਏ ਸਿਖੋ ਮਜਹਬੀ ਸਿਖੋ ਸਿਖੀ ਨਾਲ ਜੁੜੋ ਅੰਮ੍ਰਿਤ ਛਕਕੇ ਸਿੰਘ ਸਜੋ ਤਾਂ ਕਿ ਦੇਸ਼ਦੀ ਗੁਰੂਪੱਖ ਸੇਵਾ ਕਰਨ ਲਈ ਨਿਰਵੈਰਤਾ ਨਿਰਭੈਤਾ ਪੈਦਾ ਹੋਵੇ ਮੇਰਾ ਦੇਸ਼ ਮੇਰਾ ਪੰਜਾਬ ਮੇਰਾ ਹਿੰਦੋਸਤਾਨ ਮੇਰਾ ਹੈ ਆਪਣਾ ਹੈ ਆਪਾਂ ਇਸ ਦੀ ਮਿਟੀ ਵਿਚ ਪੈਦਾ ਹੋਇ ਹਾਂ ਇਸ ਵਿਚ ਹੀ ਸਮਾਣਾ ਹੈ ਇਸ ਲਈ ਆਪ ਦੇਸ਼ ਪ੍ਰਤਾਇ ਦੇਸ਼ ਦੀ ਪਛਾਣ ਜਰੂਰ ਕਰੋ ਸਰਬੱਤ ਦਾ ਭਲਾ ਮੰਨਣ ਵਾਲੀ ਸਿਖੀ ਹੀ ਹੈ ਪੰਥ ਦੇ ਖੁਸ਼ਬੂਦਾਰ ਫੁਲੋ ਆਪਣੀ ਨੇਕੀ ਇਨਸਾਨੀਅਤ ਪਿਆਰ ਮਹੁੱਬਤ ਖਿਮਾ ਦੀ ਮਹਿਕ ਵੰਡੋ ਵਾਹਿਗੁਰੂ ਐਸੇ ਗੁਰੂ ਪੰਥ ਦੀ ਦਿਨ ਦੁਗਨੀ ਰਾਤ ਚੌਗਣੀ ਤਰੱਕੀ ਕਰੇ



Digitized by Panjab Digital Library | www.panjabdigilib.org

ਦੀ ਅਰਦਾਸ ਸੂਭਾ ਸ਼ਾਮ ਕਰੋ ਦਸਾਂ ਨੌਹਾਂ ਦੀ ਕਮਾਈ ਕਰਨ ਵਾਲੇ ਸਿਘੋਂ ਕਰਪਟਾਂ ਚੋਰਬਜਾਰੀਆਂ ਸਮਗਲਰਾਂ ਵਲ ਨਾ ਦੇਖੋ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਪੜਦਿਆਂ ਯਾਦ ਰਖੋ "ਪਾਪਾਂ ਬਾਝੋਂ ਹੋਵੇ ਨਹੀ ਮੋਇਆ ਸਾਥਨ ਜਾਂਈ" ਇਸਲਈ ਪਾਪਾਂ ਨਾਲ ਪੈਸਾ ਜੋੜਨ ਵਾਲੇ ਨਰਕਾਂ ਦੇ ਕੀੜੇ ਹਨ ਬਚੋ ਸੋਚੋ ਸਮਝੋ ।

ਬੂੰਗਾਂ ਬੋਹੜ ਖਾਈ ਜਿਸ ਦਾ ਆਮ ਨਾਮ ਚਮਾਰਬਾੜੀ ਹੈ ਨੂੰ ਇਕ ਸ਼ਾਨਦਾਰ ਬੂੰਗਾ ਬਨਾਣ ਵਾਸਤੇ ਮਾਲਵੇ ਦੇ ਹਰ ਘਰ ਵਿਚ ਇਕ ਰੁਪਏ ਦੀ ਲੋੜ ਹੈ । ਇਸ ਰੁਪਏ ਨੂੰ ਸਮਝ ਸਿਆਣਪ ਇਮਾਨਦਾਰੀ ਨਾਲ ਵਰਤਣ ਦੀ ਲੋੜ ਹੈ ਏਥੇ ਬਾਬਾ ਲਾਲ ਸਿੰਘ ਜੀ ਜਥੇਦਾਰ ਬਾਬਾ ਸੰਗਤ ਸਿੰਘ ਚਕ੍ਰਵ੍ਰਤੀ ਚਲਦਾ ਵਹ੍ਰੀ ਨਿਹੰਗ ਸਿੰਘ ਖਾਲਸਾ ਤਰਨਾ ਦੀ ਛਉਣੀ ਬਣ ਸਕਦੀ ਹੈ ਜਥੇਦਾਰ ਬਾਬਾ ਲਾਲ ਸਿੰਘ ਜੀ ਨੂੰ ਮੇਰੀ ਬੇਨਤੀ ਹੈ । ਕਿ ਉਹ ਬੁੰਗੇ ਦੀ ਸੇਵਾ ਲਈ ਉਦਮ ਕਰਨ ਬਾਬਾ ਹਰਨਾਮ ਸਿੰਘ ਮਹੰਤ ਜ਼ੀ ਏਹੋ ਚਾਹੁੰਦੇ ਹਨ ਤੇ ਇਹਨਾਂ ਦੀ ਇਹੋ ਇਛਾ ਹੈ ਉਹ ਇਸ ਦੀ ਸ਼ਾਨਦਾਰ ਇਮਾਰਤ ਨੂੰ ਅਖਾਂ ਨਾਲ ਦੇਖ ਜਾਣ ਮੈਂ ਸਰੋਮਣੀ ਗੁਰਦੂਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਨੂੰ ਬੇਨਤੀ ਕਰਾਂਗਾ ਕਿ ਉਹ ਰਮਦਾਸੀਏ ਮਜਬੀ ਸਿਖਾਂ ਦੇ ਬੁੰਗਿਆਂ ਗੁਰਦੂਆਰਾ ਦੀ ਕਬਜੇ ਕਰਨ ਦੀ ਭਾਵਨਾ ਤਿਆਗ ਦੇਣ ਇਥੇਂ ਵੀ ਸਿਖੀ ਪ੍ਰਚਾਰ ਹੀ ਹੋਵੇਗਾ ਅਤੇ ਮੈਂ ਪਛੜੀਆਂ ਸਿਖ ਸਰੇਣੀਆਂ ਦੇ ਸ੍ਰੋ: ਪ੍ਰ: ਕਮੇਟੀ ਦੇ ਮੈਂਬਰਾਂ ਨੂੰ ਬੇਨਤੀ ਕਰਾਂਗਾ ਕਿ ਉਹ ਇਨਾਂ ਨੂੰ ਸਮਝਾਣ ਬੁਝਾਣ ਕਬਜਿਆਂ ਨਾਲ ਸਿਖੀ ਦੀ ਸ਼ਾਨ ਨਹੀ ਚਮਕਦੀ ।

## ਬਾਬਾ ਲਾਲ ਸਿੰਘ ਉਤੇ ਝੂਠਾ ਕੇਸ

ਸੰਤ ਬਾਬਾ ਲਾਲ ਸਿੰਘ ਜੀ ਜੋ ਉਪਰੋਕਤ ਜਥੇਵੰਦੀ ਦੇ ਜਥੇਦਾਰ ਹਨ । ਉਤੇ ਅਡੇ ਉਨਾਂ ਦੇ ਸਾਥਿਆਂ ਉਤੇ ਇਕ 307 ਦਾਕੇਸ ਬਣਾਇਆ ਗਿਆ ਹੈ ਜੋ ਸਰਾਸਰ ਝੂਠਾ ਹੈਪੁਲੀਸ ਦੇ ਆਲਾ ਅਫਸਰਾਂ ਨੂੰ ਉਸਦੀ ਪੜਤਾਲ ਕਰਕੇ ਖਾਰਜ ਕਰਨਾ ਚਾਹੀਦਾ ਹੈ ਕਿਉਂ ਕਿ ਜਥੇਦਾਰ ਬਾਬਾ ਲਾਲ ਸਿੰਘ ਦਾ ਨਾਂ ਹੀ ਹੱਥ ਹੈ ਨਾ ਹੀ ਉਸ ਨਾਲ ਕੋਈ ਸਬੰਧ ਹੈ ਇਸ ਵਾਰ ਗਵਨਰ ਪੰਜਾਬ ਅਤੇ ਐਸ.ਐਸ.ਪੀ ਮੋਹੀ ਸਾਹਿਬ ਬਠਿੰਡਾ ਨੂੰ ਵੀ



Digitized by Panjab Digital Library | www.panjabdigilib.org

ਲਿਖਿਆ ਜਾ ਚੁਕਾ ਹੈ ਪਰ ਕੋਈ ਪੜਤਾਲ ਨਹੀਂ ਹੋਈ ਇਸ ਨਾਲ ਪੁਲੀਸ ਦੇ ਬਕਾਰ ਨੂੰ ਸਟ ਵਜਦੀ ਹੈ ਲੋਕ ਜੋ ਆਖਦੇ ਹਨ ਕਿ ਪੁਲੀਸ ਝੂਠੇ ਕੇਸ ਬਣਾਦੀ ਹੈ ਸਚੀ ਬਾਤ ਸਾਬਤ ਹੁੰਦੀ ਹੈ ਮੈਂ ਅਜ ਫੇਰ ਕਹਿੰਦਾ ਹਾਂ ਕਿ ਉਸ ਕੇਸ ਦੀ ਪੂਰੀ ਛਾਣ ਬੀਣ ਕੀਤੀ ਜਾਵੇ ਮੇਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਜੁਰਤ ਤੋਂ ਕੰਮ ਲੈਕੇ ਇਸ ਦੀ ਪੜਤਾਲ ਕ੍ਰਨ ਮੈਂ ਬੀ.ਡੀ. ਪਾਂਡੇ ਨੂੰ 4-4-84 ਨੂੰ ਮਿਲਕੇ ਬੇਨਤੀ ਪੱਤ੍ਰ ਦੇ ਚੁਕਾਂ ਹਾਂ।

ਹਰੀਜਨ ਵੀਰੋ ਸਰਕਾਰ ਅਜੇ ਦੇਸ਼ ਦੇ ਹਰੀਜਨ ਨੂੰ ਉਚਾ ਉਠਾ ਨਹੀ ਸਕੀ ਉਸ ਉਤੇ ਪਿੰਡਾਂ ਵਿਚ ਵਧੀਕੀਆਂ ਹੋ ਰਹੀਆਂ ਹਨ ਪੁਲੀਸ ਵਾਧੇ ਕਰਦੀ ਹੈ ਸਰਕਾਰ ਨੇ ਉਨਾਂ ਵੱਲ ਧਿਆਨ ਨਹੀਂ ਦਿਤਾ ਬੈਕਾਂ ਕਰਜੇ ਨਹੀਂ ਦਿੰਦੀਆਂ ਬਕ ਕੁਰਤ੍ਰੀ ਪਰੋਗਰਾਮ ਉਤੇ ਕੋਈ ਅਮਲ ਨਹੀਂ ਹੈ। ਹ ਰਿਹਾ ਕੁਛ ਕੁ ਜਾਤ ਅਭ ਮਾਣੀ ਸਿਖੀ ਉਤੇ ਜੱਫਾ ਮਾਰੀ ਬੈਠੇ ਲੀਡਰ ਪਛੜੇ ਸਿਖਾਂ ਵਲੋਂ ਅਖਾਂ ਬੰਦ ਕਰੀ ਬੈਠੇ ਹਨ ਬਲਕੇ 25 ਧਾਰਾ ਜਿਸ ਨੂੰ ਅਸੀਂ ਮੇਹਨਤ ਨਾਲ ਬਣਾਇਆ ਸੀ ਨੂੰ ਸਾੜਕੇ ਸਾਡੇ ਨਾਲ ਧ੍ਰੋਹ ਕਰ ਰਹੇ ਹਨ।

ਪਛੜੇ ਸਿੰਘੋ ਤੁਹਾਡੇ ਉਤੇ ਸਾਰਿਆਂ ਪਾਸਿਆਂ ਤੋਂ ਹਮਲ ਹੋ ਰਹੇ ਹਨ ਇਸ ਲਈ ਤੁਹਾਨੂੰ ਆਪ ਹਭਲਾ ਮਾਰਨਾ ਪਵੇਗਾ ਜਾਤ ਅਭਮਾਨੀ ਚਾਹੇ ਕੋਈ ਸਿਖ ਹੈ ਚਾਹੇ ਹਿੰਦੂ ਤੁਹਾਡੇ ਵਾਰੇ ਉਸ ਨੂੰ ਕੋਈ ਫਿਕਰ ਨਹੀਂ ਚਿੰਤਾ ਨਹੀਂ ਉਹ ਸਰਕਾਰ ਵਿਚ ਬੈਠਾ ਹੈ ਚਾਹੇ ਕੋਈ ਰਾਜਨੀਤੀ ਵਿਚ ਹੈ ਤੁਹਾਡੇ ਨਾਲ ਉਸ ਨੂੰ ਸਾੜਾ ਹੈ ਇਹ ਭਾਵਨਾ ਹੀ ਦੇਸ਼ ਨੂੰ ਖਰਾਬ ਕਰ ਰਹੀ ਹੈ। ਇਸ ਲਈ ਆਓ ਜਥੇਬੰਦੀ ਨੂੰ ਤਕੜੀ ਕਰੋ ਮਜਬੂਤਕਰੋ ਦੇਸ਼ ਦੇ ਸਾਰੇ ਹਰੀਜਨ ਵਰਗ ਦੀ ਰਾਖੀ ਕਰੋ।' ਲੋੜ ਹੈ ਪਿੰਡਾਂ ਵਿਚ ਖੇਤ ਮਜਦੂਰ ਯੂਨੀਅਨ ਸੀਰੀ ਯੂਨੀਅਨਾਂ ਬਣਾਈਆਂ ਜਾਣ ਤਾਂਕਿ ਤੁਸੀਂ ਵੀ ਹਕੀ ਮੰਗਾਂ ਲਈ ਜਥੇਬੰਦ ਹੋਕੇ ਹਰੀਜਨਾਂ ਦੀ ਆਖੀ ਰਾਖੀ ਕਰ ਸਕੋ। ਮੈਂ ਤਾਂ ਸਾਰੀ ਉਮਰ ਘੋਲ ਕਰਕੇ ਏਥੇ ਪੁਜਿਆ ਹਾਂ ਕੁਝ ਤਾਂ ਤੁਹਾਡੇ ਨਾਲ ਸਲਾਹ ਮਸ਼ਵਰਾ ਹੀ ਦੇਣ ਯੋਗਾ ਰਹਿ ਗਿਆ ਉਮਰ ਬਹੁਤ ਵਡੇਰੀ ਹੋਣ ਕਰਕੇ ਸੇਵਾ ਤੁਹਾਡੇ ਸਪੁਰਦ ਕਰਨੀ ਚਾਹੁੰਦਾ ਹਾਂ। ਜਥੇਬੰਦ ਹੋਵੋ ਲਾਮਬੰਦ ਹੋਵੋ ਤੁਹਾਡੇ ਜਲੂਸ ਤੁਹਾਡੇ ਨਾਹਰੇ ਤੁਹਾਡੀਆਂ ਮੰਗਾਂ ਵਿਚ ਜਾਨ ਹੋਣੀ ਚਾਹੀਦੀ ਹੈ।ਹਿੰਮਤ ਦਾ ਹਮੈਤੀ ਰੱਬ ਹੈ ਨੂੰ ਸਚ ਕਰਕੇ ਵਿਖਾ ਦਿਓ ਸਫਲਤਾ ਤੁਹਾਡੇ ਪੈਰ ਆਪ ਚੁੰਮੇਗੀ ਧੰਨਵਾਦ।

ਗੁਰਬਖਸ਼ ਸਿਘ ਰਾਹੀ
ਬਰਨਾਲਾ



Digitized by Panjab Digital Library | www.panjabdigilib.org